BRAMPTON Flower City
brampton.ca

media release

28 ਜੂਨ, 2018

# ਸਕਵੇਅਰ ਵਿੱਚ ਬ੍ਰੈਂਪਟਨ ਦਾ ਸਭ ਤੋਂ ਪਹਿਲਾ ਪ੍ਰਾਈਡ ਜਸ਼ਨ ਮਨਾਓ

***ਸਿਟੀ 8 ਜੁਲਾਈ ਨੂੰ ਦੁਪਹਿਰ 12 ਵਜੇ ਤੋਂ ਰਾਤ 8 ਵਜੇ ਤੱਕ ਗਾਰਡਨ ਸਕਵੇਅਰ ਵਿੱਚ ਪ੍ਰਾਈਡ ਜਸ਼ਨ ਦਾ ਆਯੋਜਨ ਕਰੇਗੀ***

ਬ੍ਰੈਂਪਟਨ, ਓਨਟੈਰੀਓ – 8 ਜੁਲਾਈ ਨੂੰ, ਬ੍ਰੈਂਪਟਨ (Brampton) ਵਿੱਚ ਗਾਰਡਨ ਸਕਵੇਅਰ (Garden Square) ਵਿਖੇ ਪਹਿਲੀ ਵਾਰ ਪ੍ਰਾਈਡ ਜਸ਼ਨ ਮਨਾਓ!

*ਪ੍ਰਾਈਡ ਇਨ ਦ ਸਕਵੇਅਰ (Pride in the Square)* ਦੁਪਹਿਰ 12 ਵਜੇ ਤੋਂ ਸ਼ਾਮ 5 ਵਜੇ ਤੱਕ ਹੋਵੇਗਾ, ਅਤੇ ਇਸ ਵਿੱਚ ਸਥਾਨਕ ਅਤੇ ਰਾਸ਼ਟਰੀ ਕਲਾਕਾਰਾਂ, ਸਪੀਕਰਾਂ, ਫੇਸ ਪੇਂਟਿੰਗ, ਬਸਕਰਸ (ਜਨਤਕ ਥਾਵਾਂ 'ਤੇ ਜਾਂ ਗਲੀਆਂ ਵਿੱਚ ਨੱਚ ਕੇ, ਗਾ ਕੇ ਜਾਂ ਕਵਿਤਾ ਸੁਣਾ ਕੇ ਮਨੋਰੰਜਨ ਕਰਨ ਵਾਲੇ), ਬਾਂਸ ਦੇ ਡੰਡੇ 'ਤੇ ਚੱਲਣ ਵਾਲਿਆਂ ਵੱਲੋਂ ਪਰਿਵਾਰ ਦੇ ਅਨੁਕੂਲ ਸਟੇਜ ਪੇਸ਼ਕਾਰੀਆਂ ਦੀ ਰੋਮਾਂਚਕ ਲੜੀ ਅਤੇ ਇੱਕ ਕਮਿਉਨਿਟੀ ਫੇਅਰ (Community Fair) ਪੇਸ਼ ਕੀਤਾ ਜਾਏਗਾ।

ਕਾਰਜਕਰਮ ਦੀ ਮੇਜ਼ਬਾਨੀ ਬ੍ਰੈਂਪਟਨ ਦੇ ਲੇਖਕ, ਨਿਰਮਾਤਾ ਅਤੇ ਮੀਡੀਆ ਸ਼ਖਸੀਅਤ, ਡੈਨਿਅਲ ਪਿਲਈ (Daniel Pillai) ਵੱਲੋਂ ਕੀਤੀ ਜਾਏਗੀ। ਆਪਣੀ ਮਜ਼ੇਦਾਰ ਹਾਜ਼ਰ-ਜਵਾਬੀ (ਅਤੇ ਟ੍ਰੇਡਮਾਰਕ ਬਲੇਜ਼ਰਸ) ਦੇ ਨਾਲ, ਉਹਨਾਂ ਨੇ ਆਪਣੇ ਖੁਦ ਦੇ ਅਨੋਖੇ ਅੰਦਾਜ਼ ਵਿੱਚ ਮੀਡੀਆ ਦਾ ਕੰਮ ਸੰਭਾਲਿਆ ਹੋਇਆ ਹੈ।

ਦੁਪਹਿਰ ਤੋਂ ਬਾਅਦ ਦੇ ਪੂਰੇ ਸਮੇਂ ਵਿੱਚ ਲਾਈਵ ਮਨੋਰੰਜਨ ਦਾ ਮਜ਼ਾ ਲਓ। ਡ੍ਰੈਗ ਸਟੋਰੀਟਾਈਮ ਬਾਇ ਫੇ ਐਂਡ ਫਲਫੀ (Drag Storytime by Fay & Fluffy) ਨੂੰ ਸੁਣੋ, ਡਿਆਨਾ (DIANA), ਅਤੇ ਕੈਨੇਡਿਅਨ ਮੋਹਾਕ (Canadian Mohawk) ਗਾਇਕ-ਗੀਤਕਾਰ ਸ਼ੌਨੀ (Shawnee) ਦੀਆਂ ਧੁਨੀਆਂ ਦਾ ਅਨੰਦ ਮਾਣੋ, ਇਲ ਨਾਨਾ ਡਾਇਵਰਸਿਟੀ ਡਾਂਸ ਕੰਪਨੀ (Ill Nana DiverseCity Dance Company) ਅਤੇ ਈ.ਜੇ. ਕਵਾਂਡੀਬੇਨਸ (EJ Kwandibens) ਦੀਆਂ ਪੇਸ਼ਕਾਰੀਆਂ ਦੇਖੋ, ਅਤੇ ਡੀ.ਜੇ. ਰੈਜਾਇਨਾ ਜੇਂਟਲੀ (DJ Regina Gently) ਵੱਲੋਂ ਚਲਾਈਆਂ ਜਾਣ ਵਾਲੀਆਂ ਧੁਨੀਆਂ 'ਤੇ ਡਾਂਸ ਕਰੋ। ਸਥਾਨਕ ਕਲਾਕਾਰਾਂ ਵਿੱਚ ਸ਼ਾਮਲ ਹਨ, ਸੋਨੀਆ ਸ਼ੋਰਟਰ (Sonya Shorter) ਅਤੇ ਆਰ. ਫਲੈਕਸ (R. Flex)।

ਕਮਿਉਨਿਟੀ ਫੇਅਰ ਵਿੱਚ ਕਈ ਸਥਾਨਕ ਸਮੂਹ ਇਕੱਠੇ ਹੋਣਗੇ, ਜੋ ਐਲ.ਜੀ.ਬੀ.ਟੀ.ਕਿਉ.2 ਆਈ.ਏ. + (LGBTQ2IA+) (ਐਲ- ਔਰਤ ਸਮਲਿੰਗੀ, ਜੀ- ਪੁਰਸ਼ ਸਮਲਿੰਗੀ, ਬੀ- ਦੋਲਿੰਗੀ, ਟੀ- ਵਿਪਰੀਤ ਲਿੰਗੀ, ਕਿਉ- ਸਮਲਿੰਗ-ਭੋਗੀ, ਆਈ- ਮੱਧ ਲਿੰਗੀ, ਏ- ਸਮਵਰਗੀ) ਭਾਈਚਾਰੇ ਲਈ ਕੰਮ ਕਰਦੇ ਹਨ। ਇਹ ਭਾਈਚਾਰੇ ਲਈ ਕਈ ਸਮੂਹਾਂ ਅਤੇ ਸੇਵਾਵਾਂ ਬਾਰੇ ਜਾਣਨ ਦਾ ਇੱਕ ਰੋਮਾਂਚਕ ਮੌਕਾ ਹੋਵੇਗਾ।

ਸ਼ਾਮ ਨੂੰ 5 ਵਜੇ ਤੋਂ ਰਾਤ 8 ਵਜੇ ਤੱਕ ਬਾਅਦ ਦੀ ਪਾਰਟੀ ਵਿੱਚ ਜ਼ਰੂਰ ਸ਼ਾਮਲ ਹੋਵੋ। ਡੀ.ਜੇ. ਸਿੱਖ ਨੌਲੇਜ (DJ Sikh Knowledge) ਦ ਰੋਜ਼ ਪੈਟਿਓ (The Rose Patio) 'ਤੇ ਸੰਗੀਤ ਪਲੇ ਕਰੇਗਾ, ਜਿੱਥੇ ਬਾਰ ਸੇਵਾ ਉਪਲਬਧ ਕਰਾਈ ਜਾਏਗੀ।

ਗਾਰਡਨ ਸਕਵੇਅਰ ਵਿੱਚ ਇਸ ਖ਼ਾਸ ਦਿਨ ਦਾ ਜਸ਼ਨ ਮਨਾਉਣ ਲਈ ਸਾਰਿਆਂ ਦਾ ਸੁਆਗਤ ਹੈ! *ਪ੍ਰਾਈਡ ਇਨ ਦ ਸਕਵੇਅਰ (Pride in the Square)* ਬਾਰੇ ਹੋਰ ਜਾਣਨ ਲਈ, ਅਤੇ ਗਾਰਡਨ ਸਕਵੇਅਰ ਦੇ ਪ੍ਰੋਗਰਾਮਾਂ ਬਾਰੇ ਪੂਰੇ ਵੇਰਵਿਆਂ ਲਈ, www.brampton.ca/gardensquare 'ਤੇ ਜਾਓ।

**ਹਵਾਲਾ**

“ਬ੍ਰੈਂਪਟਨ ਬੇਜੋੜ ਭਾਈਚਾਰਿਆਂ ਦਾ ਸੁਆਗਤ ਕਰ ਰਿਹਾ ਹੈ ਅਤੇ ਉਹਨਾਂ ਨੂੰ ਸੰਮਿਲਿਤ ਕਰ ਰਿਹਾ ਹੈ, ਜੋ ਸਾਡੇ ਸ਼ਹਿਰ ਦੀ ਸੰਪੰਨ ਵੰਨ-ਸੁਵੰਨਤਾ ਦਾ ਹਿੱਸਾ ਹਨ। ਸਾਨੂੰ ਸਿਟੀ ਦੇ ਪਹਿਲੇ ਪ੍ਰਾਈਡ ਜਸ਼ਨ ਦੀ ਮੇਜ਼ਬਾਨੀ ਕਰਨ ‘ਤੇ ਬਹੁਤ ਮਾਣ ਹੈ, ਅਤੇ ਅਸੀਂ ਸਾਰੇ ਨਿਵਾਸੀਆਂ ਅਤੇ ਆਉਣ ਵਾਲਿਆਂ (ਵਿਜੀਟਰਾਂ) ਨੂੰ 8 ਜੁਲਾਈ ਨੂੰ ਗਾਰਡਨ ਸਕਵੇਅਰ ਵਿਖੇ ਆਉਣ ਲਈ ਸੱਦਾ ਦਿੰਦੇ ਹਾਂ।”

- *ਮੇਅਰ ਲਿੰਡਾ ਜੈਫਰੀ* (Linda Jeffrey)

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।